# ਪੰਜਾਬ ਸਕੂਲ ਸਿੱਖਿਆ ਬੋਰਡ

ਸੇਵਾ ਵਿਖੇ

ਸਮੂਹ ਸਕੂਲ ਮੁੱਖੀ,
ਪੰਜਾਬ ।

ਪੱਤਰ ਨੰ-ਪਸਸਬ/ਪੰ/ਅ/2023/ 454/ਸ਼ਾ 7 (ਪੰ/ਅੱ)    ਮਿਤੀ - 19/10/2023

ਵਿਸ਼ਾ:- ਸਾਲ -2024 ਦੀਆਂ ਪ੍ਰੀਖਿਆਵਾਂ ਲਈ ਸਕੂਲ ਦਾ ਨਾਂ(ਪੰਜਾਬੀ ਅਤੇ ਅੰਗਰੇਜੀ),ਪ੍ਰਿੰਸੀਪਲ/ਮੁੱਖ ਅਧਿਆਪਕ ਦਾ ਨਾਂ, ਸਕੂਲ ਦਾ ਟੈਲੀਫੋਨ ਨੰਬਰ , ਪ੍ਰਿੰਸੀਪਲ ਦਾ ਨਿੱਜੀ ਟੈਲੀਫੋਨ ਨੰਬਰ , ਸਕੂਲ ਦੀ E-MAIL Id ਆਦਿ ਦੇ ਵੇਰਵਿਆਂ ਦੀ ਦਰੁੱਸਤੀ ਕਰਵਾਉਣ ਸਬੰਧੀ ।

1.0 ਵਿਸ਼ਾ ਅੰਕਿਤ ਮਾਮਲੇ ਸਬੰਧੀ ਬੋਰਡ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਨਤੀਜਾ ਘੋਸ਼ਿਤ ਹੋਣ ਉਪਰੰਤ ਪ੍ਰੀਖਿਆਰਥੀਆਂ ਨੂੰ ਜਾਰੀ ਕੀਤੇ ਗਏ ਸਰਟੀਫਿਕੇਟਾਂ ਤੇ ਸਕੂਲ ਮੁੱਖੀਆਂ ਵੱਲੋਂ ਸਕੂਲ ਦਾ ਨਾਂ ਅਤੇ ਹੋਰ ਵੇਰਵੇ ਦਰੁਸੱਤ ਕਰਵਾਉਣ ਸਬੰਧੀ ਪ੍ਰਤੀ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ।

2.0 ਇਸ ਲਈ ਲਿਖਿਆ ਜਾਂਦਾ ਹੈ ਕਿ ਫਰਵਰੀ/ਮਾਰਚ -2024 ਦੀਆਂ ਹੋਣ ਵਾਲੀਆਂ ਪੰਜਵੀਂ ,ਅੱਠਵੀਂ , ਦੱਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਲਈ ਸਮੂਹ ਮੁੱਖੀ ਆਪਣੇ ਸਕੂਲ ਦਾ ਨਾਂ ( ਪੰਜਾਬੀ , ਅੰਗਰੇਜੀ ) , ਪ੍ਰਿੰਸੀਪਲ /ਮੁੱਖ ਅਧਿਆਪਕ ਦਾ ਨਾਂ, ਸਕੂਲ ਦਾ ਟੈਲੀਫੋਨ ਨੰਬਰ , ਪ੍ਰਿੰਸੀਪਲ ਦਾ ਨਿੱਜੀ ਟੈਲੀਫੋਨ ਨੰਬਰ, ਸਕੂਲ ਦੀ E-MAIL Id ਆਦਿ ਦੇ ਵੇਰਵਿਆਂ /ਅਪਲੋਡ ਹੋਈ ਸਕੂਲ ਦੀ ਜਾਣਕਾਰੀ ਵਿੱਚ ਜੇਕਰ ਕਿਸੇ ਕਿਸਮ ਦੀ ਵੀ ਸੋਧ ਕਰਵਾਉਣੀ ਲੋੜੀਂਦੀ ਹੈ ਤਾਂ ਇਸ ਸਬੰਧੀ ਨਿੱਜੀ ਤੌਰ ਤੇ ਬੋਰਡ ਦਫਤਰ ਦੀ ਐਫੀਲੀਏਸ਼ਨ ਸ਼ਾਖਾ ਨਾਲ ਨਿੱਜੀ ਤੌਰ /ਲਿਖਤੀ ਤੌਰ ਤੇ ਸੰਪਰਕ ਕਰਨ ਅਤੇ ਅਜਿਹੀਆਂ ਸੋਧਾਂ ਫਰਵਰੀ/ਮਾਰਚ -2024 ਦੀ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ ।

3.0 **ਨਤੀਜਾ ਘੋਸ਼ਿਤ ਹੋਣ ਉਪੰਰਤ ਉਪਰੋਕਤ ਦਰਜ਼ ਕਿਸੇ ਵੀ ਕਿਸਮ ਦੀ ਸੋਧ ਦਫਤਰ ਵੱਲੋਂ ਵਿਚਾਰੀ ਨਹੀਂ ਜਾਵੇਗੀ ।**

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ।

ਸਹਾਇਕ ਸਕੱਤਰ
ਪ੍ਰੀਖਿਆ ਸ਼ਾਖਾ (ਪੰਜਵੀਂ/ਅੱਠਵੀਂ)

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:-

1.ਪ੍ਰਮੁੱਖ ਸਕੱਤਰ(ਸਕੂਲ ਸਿੱਖਿਆ)
2.ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਲੀ/ਸੈਕੰ.ਸਿ)
3.ਡੀਪੀਆਈ(ਸੈਕੰ.ਸਿ/ਐਲੀ.ਸਿ)
4.ਇੰਚਾਰਜ (ਐਫੀਲੀਏਸ਼ਨ ਸ਼ਾਖਾ)

ਸਹਾਇਕ ਸਕੱਤਰ
ਪ੍ਰੀਖਿਆ ਸ਼ਾਖਾ (ਪੰਜਵੀਂ/ਅੱਠਵੀਂ)